ਤੁਰੰਤ ਰਿਲੀਜ ਲਈ

# ਸੀਡੀ ਸੈਟਰਡੇ ਦੇ ਦਸ ਸਾਲ! ਬਸੰਤ ਦੇ ਸੀਜਨ ਦੀ ਸ਼ੁਰੂਆਤ, 2022 ਦੇ ਵਰਚੁਅਲ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਦੇ ਨਾਲ ਕਰੋ

ਬ੍ਰੈਂਪਟਨ, ਓਨਟੈਰੀਓ (1 ਮਾਰਚ, 2022) – ਸਿਟੀ ਆਫ ਬ੍ਰੈਂਪਟਨ ਦਾ ਸੀਡੀ ਸੈਟਰਡੇ (Seedy Saturday) ਅਤੇ ਗਾਰਡਨ ਸ਼ੋ (Garden Show), ਸ਼ਨੀਵਾਰ, 12 ਮਾਰਚ, ਸਵੇਰੇ 10 ਵਜੇ ਤੋਂ ਸ਼ੁਰੂ ਕਰਦੇ ਹੋਏ, ਆਪਣੇ ਔਨਲਾਈਨ ਕਾਰਜਕਰਮ ਦੇ ਨਾਲ ਦਸ ਸਾਲਾਂ ਦਾ ਜਸ਼ਨ ਮਨਾ ਰਿਹਾ ਹੈ।

2022 ਦਾ ਵਰਚੁਅਲ (ਆਭਾਸੀ) ਸੀਡੀ ਸੈਟਰਡੇ ਅਤੇ ਗਾਰਡਨ ਸ਼ੋ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਦੇ ਨਾਲ ਭਾਈਵਾਲੀ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਵਿੱਚ ਹੇਠਾਂ ਲਿਖੇ, ਵਾਤਾਵਰਣ ਮਾਹਰਾਂ ਦੇ ਬਾਗਬਾਨੀ ਸਬੰਧੀ ਵੀਡੀਓ ਪੇਸ਼ ਕੀਤੇ ਜਾਣਗੇ:

- ਗ੍ਰੋਇੰਗ ਗ੍ਰੇਟ ਵੈਜੀਟੇਬਲਸ (Growing Great Vegetables) ਤੇ ਵਧੀਆ ਸੁਝਾਵਾਂ ਦੇ ਨਾਲ ਜੇਮਸ ਗ੍ਰਾਹਮ (James Graham)
- ਔਰਗੈਨਿਕ ਮੈਜਿਕ ਵਿਦ ਵੌਰਮਸ (Organic Magic with Worms) ਤੇ ਕੈਥੀ ਨੇਸਬਿਟ (Cathy Nesbitt)
- ਹੇਅਰਲੂਮਸ ਐਂਡ ਸੀਡ ਸੇਵਿੰਗ (Heirlooms and Seed Saving) ਤੇ ਲਿੰਡਾ ਕ੍ਰੈਗੋ (Linda Crago)
- ਇੰਪੌਰਟੈਂਸ ਆਫ ਪੋਲੀਨੇਟਰਸ (Importance of Pollinators) ਤੇ ਸ਼ੈਲੀ ਕੈਂਡਲ (Shelly Candell)
- ਗ੍ਰੋਇੰਗ ਅ ਸਕਸੈਸਫੁਲ ਸੀਡ ਸੇਵਿੰਗ ਗਾਰਡਨ (Growing a Successful Seed Saving Garden) ਤੇ ਬੌਬ ਵਾਈਲਡਫੋਂਗ (Bob Wildfong)
- ਸੋਇਲ ਐਂਡ ਦ ਥਿੰਗਸ ਲਿਵਿੰਗ ਇਨ ਇਟ (Soil and The Things Living in It) ਤੇ ਸ਼ੌਨ ਜੇਮਸ (Sean James)
- ਗਾਰਡਨਿੰਗ ਇਨ ਅ ਚੇਜਿੰਗ ਕਲਾਈਮੇਟ (Gardening in a Changing Climate) ਤੇ ਕ੍ਰਿਸਟੋਫਰ ਬਾਇਲੇਕ (Christopher Bialek)
- ਸਿਟੀ ਆਫ ਬ੍ਰੈਂਪਟਨ ਟ੍ਰੀ ਡੂਜ ਐਂਡ ਡੋਂਟਸ ਟੌਕ (City of Brampton Tree Do's and Don'ts Talk) ਦੇ ਨਾਲ ਐਡ ਹਨਵਿਕਸ (Ed Hunwicks) ਅਤੇ ਟ੍ਰੇਵਰ ਲੀ (Trevor Lee)

ਭਾਵੇਂ ਤੁਸੀਂ ਬਾਗਬਾਨੀ ਵਿੱਚ ਨਵੇਂ ਹੋ ਜਾਂ ਤੁਹਾਨੂੰ ਇਸਦਾ ਅਨੁਭਵ ਹੈ, 12 ਮਾਰਚ ਨੂੰ ਪੂਰਾ ਦਿਨ www.brampton.ca/seedysaturday ਦੇਖੋ। ਇਸ ਵਿੱਚ ਤੁਹਾਨੂੰ ਬਾਗਬਾਨੀ ਸਬੰਧੀ ਵਸੀਲਿਆਂ ਤੱਕ ਪਹੁੰਚਣ, ਲੋਕਲ ਬਾਗਬਾਨੀ ਵਿਕਰੇਤਾਵਾਂ ਨਾਲ ਜੁੜਨ, ਪ੍ਰਿੰਟ ਕਰਨ ਯੋਗ ਗਤੀਵਿਧੀਆਂ ਅਤੇ ਵੀਡੀਓ ਟਿਊਟੋਰੀਅਲਸ ਦੇ ਨਾਲ ਕਿਡਜ਼ ਜ਼ੋਨ (Kids Zone) ਦਾ ਮਜ਼ਾ ਲੈਣ ਅਤੇ ਇਹ ਸਿੱਖਣ ਦਾ ਮੌਕਾ ਮਿਲੇਗਾ ਕਿ ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ (Brampton Horticultural Society) ਦੇ ਨਾਲ ਕਰਬਸਾਈਡ (ਪਗਡੰਡੀ ਦੇ ਕਿਨਾਰੇ ਤੋਂ ਵਸਤਾਂ ਲੈਣਾ) ਬੀਜ ਅਦਲਾ-ਬਦਲੀ ਕਰਨ ਵਿੱਚ ਕਿਵੇਂ ਹਿੱਸਾ ਲੈਣਾ ਹੈ।

**ਹਵਾਲੇ**

"ਬ੍ਰੈਂਪਟਨ ਇੱਕ ਗ੍ਰੀਨ ਸਿਟੀ ਹੈ ਅਤੇ ਅਸੀਂ ਨਿਵਾਸੀਆਂ ਨੂੰ ਬਾਗਬਾਨੀ ਅਤੇ ਹੋਰਟੀਕਲਚਰ ਬਾਰੇ ਜਾਣਨ ਦੀ ਸਲਾਹ ਦਿੰਦੇ ਹਾਂ। ਸ਼ਨੀਵਾਰ, 12 ਮਾਰਚ ਨੂੰ, ਬ੍ਰੈਂਪਟਨ ਦਾ ਵਰਚੁਅਲ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ ਦੇਖੋ ਅਤੇ ਸਾਡੇ ਨਾਲ, ਇਸ ਕਲਾਸਿਕ ਕਾਰਜਕਰਮ ਦੇ 10 ਸਾਲਾਂ ਦਾ ਜਸ਼ਨ ਮਨਾਓ!"

- *ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਹਰ ਸਾਲ, ਬ੍ਰੈਂਪਟਨ ਦਾ ਸੀਡੀ ਸੈਟਰਡੇ ਅਤੇ ਗਾਰਡਨ ਸ਼ੋ, ਬਸੰਤ ਦੇ ਸੀਜਨ ਦੀ ਸ਼ੁਰੂਆਤ ਕਰਨ ਲਈ, ਬਾਗਬਾਨੀ ਸਬੰਧੀ ਮਾਹਰਾਂ, ਬਾਗਬਾਨੀ ਦੇ ਸ਼ੌਕੀਨਾਂ ਅਤੇ ਹੋਰਟੀਕਲਚਰ ਵਿੱਚ ਨਵੇਂ ਵਿਅਕਤੀਆਂ ਨੂੰ ਇਕੱਠੇ ਲਿਆਉਂਦਾ ਹੈ। ਕਮਿਉਨਿਟੀ ਦੇ ਹਿੱਸੇ ਵਜੋਂ, ਮਾਹਰ ਸੈਮੀਨਾਰ ਵੀਡੀਓ ਦੇਖਣ ਅਤੇ ਬਾਗਬਾਨੀ ਸਬੰਧੀ ਜਾਣਕਾਰੀ ਅਤੇ ਵਸੀਲਿਆਂ ਤੱਕ ਪਹੁੰਚ ਲਈ, 12 ਮਾਰਚ ਨੂੰ ਔਨਲਾਈਨ ਸਾਡੇ ਨਾਲ ਜੁੜੋ।"

- *ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਬਾਗਬਾਨੀ ਇੱਕ ਸ਼ਾਨਦਾਰ ਗਤੀਵਿਧੀ ਹੈ, ਜੋ ਕਮਿਉਨਿਟੀ ਦੀ ਸਿਹਤ ਅਤੇ ਤੰਦਰੁਸਤੀ ਵਿੱਚ ਸਹਾਇਤਾ ਕਰਦੀ ਹੈ। ਇਸ ਸਾਲ, 12 ਮਾਰਚ ਨੂੰ ਬ੍ਰੈਂਪਟਨ ਦੇ 10ਵੇਂ ਸਾਲਾਨਾ ਔਨਲਾਈਨ **ਸੀਡੀ ਸੈਟਰਡੇ ਅਤੇ ਗਾਰਡਨ ਸ਼ੋ** ਵਿੱਚ ਮਾਹਰ ਵੀਡੀਓ, ਬੱਚਿਆਂ ਦੀਆਂ ਗਤੀਵਿਧੀਆਂ ਅਤੇ ਕਰਬਸਾਈਡ ਬੀਜ ਅਦਲਾ-ਬਦਲੀ ਕਰਨ ਵਰਗੀਆਂ ਰੋਮਾਂਚਕ ਗਤੀਵਿਧੀਆਂ ਦਾ ਅਨੰਦ ਮਾਣੋ।"

- *ਸ਼ਾਰਮੇਨ ਵਿਲੀਅਮਸ (Charmaine Williams), ਸਿਟੀ ਕਾਉਂਸਲਰ, ਵਾਰਡਸ 7 ਅਤੇ 8; ਵਾਈਸ-ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਇਸ ਸਾਲ ਅਸੀਂ, ਬ੍ਰੈਂਪਟਨ ਹੋਰਟੀਕਲਚਰਲ ਸੋਸਾਇਟੀ ਦੇ ਨਾਲ ਬ੍ਰੈਂਪਟਨ ਦਾ 10ਵਾਂ ਸਾਲਾਨਾ, ਔਨਲਾਈਨ **ਸੀਡੀ ਸੈਟਰਡੇ ਅਤੇ ਗਾਰਡਨ ਸ਼ੋ** ਪੇਸ਼ ਕਰਨ ਲਈ ਉਤਸ਼ਾਹਿਤ ਹਾਂ। ਬਾਗਬਾਨੀ, ਸਥਿਰਤਾ ਅਤੇ ਵੱਧ ਗ੍ਰੀਨ ਜੀਵਨ ਬਾਰੇ ਜਾਣੋ!"

- *ਪਾੱਲ ਮੋਰਿਸਨ (Paul Morrison), ਇੰਟਰਿਮ ਸੀ.ਈ.ਓ. , ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca